भारतीय गैर न्यायिक

एक सौ रुपये Rs. 100

रु. 100 ONE HUNDRED RUPEES

सत्यमेव जयते

भारत INDIA

INDIA NON JUDICIAL

ਪੰਜਾਬ पंजाब PUNJAB

# ਇਕਰਾਰਨਾਮਾ

Y 439511

## ਸ਼ਰਤਾਂ ਬਾਬਤ ਠੇਕਾ ਪਾਰਕਿੰਗ 8 ਸਾਇਟਾਂ

ਇਹ ਇਕਰਾਰਨਾਮਾ ਅੱਜ ਮਿਤੀ 19/12/16 ਨੂੰ ਨਗਰ ਨਿਗਮ ਬਠਿੰਡਾ ਰਾਂਹੀ ਨਿਗਰਾਨ ਇੰਜੀਨੀਅਰ ਨਗਰ ਨਿਗਮ ਬਠਿੰਡਾ (ਜਿਸ ਨੂੰ ਧਿਰ ਨੰ: 1 ਲਿਖਿਆ ਜਾਵੇਗਾ) ਅਤੇ ਸ੍ਰੀ ਸੰਜੀਵ ਸਿੰਗਲਾ ਪੁੱਤਰ ਸ੍ਰੀ ਭਾਰਤ ਭੂਸ਼ਣ ਅਗਰਵਾਲ ਕਲੋਨੀ ਬਠਿੰਡਾ (ਜਿਸ ਨੂੰ ਧਿਰ ਨੰ: 2 ਲਿਖਿਆ ਜਾਵੇਗਾ) ਦੇ ਵਿਚਕਾਰ ਹੇਠ ਲਿਖੇ ਅਨੁਸਾਰ ਕੀਤਾ ਗਿਆ:-

1. ਇਹ ਕਿ ਧਿਰ ਨੰ: 1 ਨੇ (1) ਸ਼ੁਭਾਸ ਮਾਰਕਿਟ ਨੇੜੇ ਫਾਇਰ ਸ਼ਟੇਸ਼ਨ (2). ਥੋਕ ਮੈਡੀਕਲ ਮਾਰਕਿਟ ਨੇੜੇ ਰੇਲਵੇ ਸ਼ਟੇਸ਼ਨ (3). ਗਾਂਧੀ ਮਾਰਕਿਟ ਨੇੜੇ ਸ਼ਰਮਾ ਮਿਸ਼ਠਾਨ ਭੰਡਾਰ (4). ਪੁਰਾਣਾ ਹਸਪਤਾਲ ਨੇੜੇ ਮੱਛੀ ਮਾਰਕੀਟ (5). ਸ਼ਰਗਮ ਮਾਰਕੀਟ ਪੁਰਾਣਾ ਰਾਜੇਸ਼ ਸਿਨੇਮਾ (6). ਸ਼ਕਤੀ ਮਾਰਕਿਟ ਦੇ ਸਾਹਮਣੇ ਵਾਲੀ ਜਗ੍ਹਾ, (7). ਸ਼ਹੀਦ ਭਗਤ ਸਿੰਘ ਮਾਰਕੀਟ (8). ਆਰੀਆ ਸਮਾਜ ਚੌਂਕ ਨੇੜੇ ਖਾਲੀ ਪਈ ਜਗ੍ਹਾ ਦੀ ਪਾਰਕਿੰਗ ਦਾ ਠੇਕਾ ਮਿਤੀ 30/09/2016 ਨੂੰ ਹੋਈ ਖੁੱਲੀ ਬੋਲੀ ਰਾਹੀਂ ਧਿਰ ਨੰ 2 ਨੂੰ 12,23,000/-ਰੁਪੈ ਇੱਕ ਸਾਲ ਲਈ ਦਿੱਤਾ ਹੈ ਜੋ F&CC ਦੇ ਮਤਾ ਨੰ: 83 ਮਿਤੀ 20/09/2016 ਰਾਹੀਂ ਪ੍ਰਵਾਨ ਕਰ ਲਿਆ ਗਿਆ ਹੈ।
2. ਇਹ ਕਿ ਧਿਰ ਨੰ 2 ਵੱਲੋਂ ਬੋਲੀ ਦੀ ਰਕਮ ਦਾ ¼ ਹਿੱਸੇ ਦੇ ਬਰਾਬਰ ਬਣਦੀ ਸਕਿਊਰਟੀ ਦੀ ਰਕਮ 305750/-ਰੁਪੈ ਰਸੀਦ ਨੰ 38/506 ਮਿਤੀ 30/9/2016 ਅਤੇ ਰਸੀਦ ਨੰ 44/506 ਮਿਤੀ 5/10/2016 ਰਾਂਹੀ ਜਮ੍ਹਾਂ ਕਰਵਾ ਦਿੱਤੀ ਹੈ।ਇਸ ਸਕਿਊਰਟੀ ਦੀ ਰਕਮ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।ਇਹ ਰਕਮ ਠੇਕੇ ਦਾ ਸਮ੍ਹਾਂ ਖਤਮ ਹੋਣ ਉਪਰੰਤ ਬਿਨਾਂ ਬਿਆਜ ਵਾਪਿਸ ਕੀਤੀ ਜਾਵੇਗੀ।
3. ਠੇਕੇ ਦਾ ਸਮਾਂ ਇੱਕ ਸਾਲ (ਮਿਤੀ 06/10/2016 ਤੋਂ 5/10/2017 ) ਤੱਕ ਦਾ ਹੋਵੇਗਾ। ਇਸ ਦਾ ਕਬਜਾ ਪੱਤਰ ਨੰ: 769 ਮਿਤੀ 04/10/2016 ਰਾਹੀਂ ਮਿਤੀ 06/10/2016 ਤੋਂ ਦੇ ਦਿੱਤਾ ਗਿਆ ਹੈ।
4. ਪਾਰਕਿੰਗ ਵਿਚ ਨਗਰ ਨਿਗਮ ਵਲੋਂ ਮੁਕੱਰਰ ਕੀਤੇ ਰੇਟ ਚਾਰਜ ਕੀਤੇ ਜਾਣਗੇ । ਜੋ ਹੇਠ ਲਿਖੇ ਹਨ:-

| | | |
|---|---|---|
| ੳ. | ਰੇਟ ਪ੍ਰਤੀ ਸਾਈਕਲ | 5/- ਰੁਪੈ |
| ਅ. | ਰੇਟ ਪ੍ਰਤੀ ਸਕੂਟਰ/ਮੋਟਰ ਸਾਈਕਲ | 5/- ਰੁਪੈ |
| ੲ. | ਰੇਟ ਪ੍ਰਤੀ ਕਾਰ/ਜੀਪ | 10/-ਰੁਪੈ |
| ਸ. | ਰੇਟ ਪ੍ਰਤੀ ਮੈਟਾਡੋਰ/ ਸਕੂਲ ਵੈਗਨ/ਮਿੰਨੀ ਬੱਸ | 20/-ਰੁਪੈ |
| ਹ. | ਰੇਟ ਪ੍ਰਤੀ ਵੱਡੀ ਬੱਸ | 20/-ਰੁਪੈ |

ਠੇਕੇਦਾਰ ਉਕਤ ਰੇਟਾਂ ਨੂੰ ਪਾਰਕਿੰਗ ਸਾਇਟ ਤੇ ਬੋਰਡ ਉਪਰ ਡਿਸਪਲੇਅ ਕਰਨ ਦਾ ਪਾਬੰਦ ਹੋਵੇਗਾ ਜੇਕਰ ਠੇਕੇਦਾਰ ਪਾਰਕਿੰਗ ਸਾਇਟ ਤੇ ਬੋਰਡ ਡਿਸਪਲੇਅ ਨਹੀਂ ਕਰਦਾ ਤਾਂ ਉਸ ਪਾਸੋਂ 500/-ਰੁਪੈ ਪ੍ਰਤੀ ਦਿਨ ਜੁਰਮਾਨੇ ਵਜੋਂ ਵਸੂਲ ਕੀਤਾ ਜਾਵੇਗਾ ਅਤੇ ਠੇਕੇਦਾਰ ਉਕਤ ਰੇਟਾਂ ਤੋਂ ਵੱਧ ਪਾਰਕਿੰਗ ਫੀਸ ਚਾਰਜ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਪਾਸੋਂ 1000/-ਰੁਪੈ ਪ੍ਰਤੀ ਕੇਸ ਪੈਨਲਟੀ ਵਜੋਂ ਵਸੂਲ ਕੀਤਾ ਜਾਵੇਗਾ।

Sanjeev Singla